# ਆਪਾਤਕਲੀਨ ਸਥਿਤੀ ਵੇਲੇ ਪਸ਼ੂਆਂ ਦੀ ਸਾਂਭ-ਸ਼ਭਾਲ

ਰਾਕੇਸ਼ ਕੁਮਾਰ ਸ਼ਰਮਾਂ ਅਤੇ ਹਰੀਸ਼ ਕੁਮਾਰ ਵਰਮਾ
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

ਕੋਵਿਡ-19 ਬਿਮਾਰੀ ਨੇ ਸਾਰੀ ਦੁਨੀਆਂ ਨੂੰ ਵਕਤ ਪਾਇਆ ਹੋਇਆ ਹੈ। ਲੱਖਾਂ ਇਨਸਾਨਾਂ ਦੀ ਮੌਤ ਹੋ ਰਹੀ ਹੈ।ਸਾਰਿਆਂ ਨੂੰ ਘਰ ਵਿਚ ਬੈਠਣ ਦੀ ਸਲਾਹ ਦਿੱਤੀ ਜਾਂਦੀ ਹੈ।ਅਜਿਹੀ ਸਥਿਤੀ ਵਿਚ ਪਸ਼ੂਆਂ ਦੀ ਸਾਂਭ-ਸੰਭਾਲ ਕਰਨੀ ਬਹੁੱਤ ਮੁਸ਼ਕਲ ਹੋ ਜਾਂਦੀ ਹੈ।ਆਰਥਿਕ ਲਿਹਾਜ ਵਜੋਂ ਪਸ਼ੂ ਰੱਖਣੇ ਹੋਰ ਵੀ ਔਖੇ ਹੋ ਜਾਂਦੇ ਹਨ ਕਿਉਂਕਿ ਆਪਾਤਕਲੀਨ ਸਥਿਤੀ ਵੇਲੇ ਪਸ਼ੂਆਂ ਦੀ ਕੀਮਤ ਘੱਟ ਜਾਂਦੀ ਹੈ ਅਤੇ ਉਹਨਾਂ ਨੂੰ ਪਾਉਣ ਵਾਲੀ ਫੀਡ ਦੀ ਕੀਮਤ ਵੱਧ ਜਾਂਦੀ ਹੈ।ਆਪਾਤਕਲੀਨ ਸਥਿਤੀ ਵਿਚ ਹੇਠ ਲਿਖੇ ਨੁਕਤਿਆਂ ਤੇ ਗੌਰ ਕੀਤੀ ਜਾ ਸਕਦੀ ਹੈ।

1. ਕਿਸੇ ਵੀ ਆਪਾਤਕਲੀਨ ਸਥਿਤੀ ਵਿਚ ਸਭ ਤੋਂ ਜ਼ਰੂਰੀ ਹੁੰਦਾ ਹੈ, ਹਰੇਕ ਜਿੰਦਾ ਅਤੇ ਬੇਜਾਨ ਚੀਜ ਨੂੰ ਬਚਾਉਣਾ।ਪਹਿਲਾਂ ਕਿਹੜੀ ਚੀਜ਼ ਨੂੰ ਬਚਾਉਣਾ ਚਾਹੀਦਾ ਹੈ ਇਹ ਨਿਰਭਰ ਕਰਦਾ ਹੈ ਉਸ ਚੀਜ਼ ਦੀ ਅਹਿਮੀਅਤ ਤੇ।
2. ਆਪਾਤਕਲੀਨ ਸਥਿਤੀ ਵਿਚ ਸਭ ਤੋਂ ਪਹਿਲਾਂ ਮਨੁੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣਾ ਜ਼ਰੂਰੀ ਹੁੰਦਾ ਹੈ।ਫਾਰਮ ਉੱਪਰ ਕੰਮ ਕਰ ਰਹੇ ਸਾਰੇ ਕਾਮਿਆਂ ਦੀ ਸੁਰੱਖਿਆ ਲਈ ਹਰ ਮੁਮਕਿਨ ਕਦਮ ਚੁੱਕਣੇ ਚਾਹੀਦੇ ਹਨ।ਇਹਨਾ ਵਿਚ ਕੁਝ ਕੁ ਹੇਠਾਂ ਲਿਖੇ ਗਏ ਹਨ।
   ੳ) ਕਾਮਿਆਂ ਨੂੰ ਫਾਰਮ ਉੱਪਰ ਹੀ ਰਹਿਣ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ।
   ਅ) ਫਾਰਮ ਉੱਪਰ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਆਣ ਦੀ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ।
   ੲ) ਛੋਟੀ ਮੋਟੀ ਬਿਮਾਰੀ ਲਈ ਫੋਨ ਉੱਪਰ ਹੀ ਡਾਕਟਰ ਪਾਸੋਂ ਸਲਾਹ ਲੈ ਕੇ ਇਲਾਜ ਕੀਤਾ ਜਾਵੇ।
   ਸ) ਜੇਕਰ ਸਮੱਸਿਆ ਗੰਭੀਰ ਹੋਵੇ ਅਤੇ ਡਾਕਟਰ ਨੂੰ ਸੱਦਣਾ ਹੀ ਪਵੇ ਤਾਂ ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਬਿਮਾਰ ਪਸ਼ੂ ਨੂੰ ਫਾਰਮ ਦੇ ਗੇਟ ਉੱਪਰ ਚੰਗੀ ਤਰ੍ਹਾਂ ਕਾਬੂ ਕੀਤਾ ਹੋਣਾ ਚਾਹੀਦਾ ਹੈ।
   ਹ) ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਵਿਚ ਡਾਕਟਰ ਨੂੰ ਅਤੇ ਕਾਮਿਆਂ ਨੂੰ ਕਿਸੇ ਯੋਗ ਕਿਟਾਣੂ-ਨਾਸ਼ਕ ਦਵਾਈ ਨਾਲ ਹੱਥ-ਪੈਰ ਧੋ ਲੈਣੇ ਚਾਹੀਦੇ ਹਨ।
   ਕ) ਖੇਤਾਂ ਵਿਚੋਂ ਹਰਾ-ਚਾਰਾ ਲੈ ਕੇ ਆਉਣ ਸਮੇਂ ਫਾਰਮ ਵਿਚ ਪਹੁੰਚਣ ਤੋਂ ਪਹਿਲਾਂ ਹਰੇਕ ਕਾਮੇ ਨੂੰ ਅਤੇ ਵਾਹਨ ਨੂੰ ਵੀ ਕਿਟਾਣੂ-ਰਹਿਤ ਕਰਨਾ ਜ਼ਰੂਰੀ ਹੈ।
3. ਇਨਸਾਨਾਂ ਤੋਂ ਬਾਅਦ ਫਾਰਮ ਉੱਪਰ ਮੌਜੂਦ ਹਰ ਕਿਸਮ ਦੇ ਪਸ਼ੂਆਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ।ਅਖੀਰ ਵਿਚ ਫਾਰਮ ਦੀ ਬਿਲਡਿੰਗ ਅਤੇ ਸਾਜੋ-ਸਮਾਨ ਦੀ ਸੰਭਾਲ ਆਉਂਦੀ ਹੈ।
4. ਹਰੇਕ ਫਾਰਮ ਉੱਪਰ ਮੁਕੰਮਲ ਲੇਖਾ-ਜੋਖਾ ਮੌਜੂਦ ਹੋਣਾ ਚਾਹੀਦਾ ਹੈ।ਆਪਾਤਕਲੀਨ ਸਥਿਤੀ ਵੇਲੇ ਫੀਡ ਦੀ ਕੁੱਲ ਕੀਮਤ ਅਤੇ ਦੁੱਧ ਵੇਚ ਕੇ ਵੱਟੇ ਗਏ ਪੈਸਿਆਂ ਦਾ ਜ਼ਰੂਰ ਹਿਸਾਬ ਕਿਤਾਬ ਲਗਾਓ।ਆਣ ਵਾਲੇ ਸਮੇਂ ਵਿਚ ਫਾਰਮ ਕਿਸ ਤਰ੍ਹਾਂ ਚਲਾਉਣਾ ਹੈ ਇਸ ਸਬੰਧੀ ਫੈਸਲੇ ਘਾਟਾ ਜਾਂ ਮੁਨਾਫੇ ਉੱਪਰ ਨਿਰਭਰ ਕਰਨਗੇ।

5. ਕਿਸੇ ਵੀ ਆਪਾਤਕਲੀਨ ਸਥਿਤੀ ਨੂੰ ਨਜਿਠਣ ਲਈ ਹਰੇਕ ਫਾਰਮ ਉੱਪਰ ਪਹਿਲਾਂ ਤੋਂ ਹੀ ਕੋਈ ਨਾ ਕੋਈ ਪ੍ਰਬੰਧ ਕੀਤਾ ਹੋਣਾ ਲਾਜਮੀ ਹੈ।ਇਸ ਵਿਚ ਸਭ ਤੋਂ ਜ਼ਰੂਰੀ ਹੁੰਦਾ ਹੈ- ਆਪਾਤਕਲੀਨ ਕਿੱਟ। ਹਰੇਕ ਫਾਰਮ ਉੱਪਰ ਇੱਕ ਆਪਾਤਕਲੀਨ ਕਿੱਟ ਹੋਣੀ ਲਾਜ਼ਮੀ ਹੈ। ਇਸ ਵਿਚ ਕਈ ਚੀਜ਼ਾਂ ਆਉਂਦੀਆਂ ਹਨ ਜਿਵੇਂ- ਜਖਮਾਂ ਤੇ ਲਗਾਉਣ ਵਾਲੀ ਮੱਲ੍ਹਮ, ਗੁਲੂਕੋਜ਼ ਦੀਆਂ ਬੋਤਲਾਂ, ਪੱਟੀਆਂ, ਟੇਪ, ਰੂੰਅ, ਕੈਂਚੀ, ਸਰਿੰਜਾਂ-ਸੂਈਆਂ, ਮਿੱਠਾ ਤੇਲ, ਐਮਰਜੈਂਸੀ ਵਿਚ ਵਰਤੀਆਂ ਜਾਣ ਵਾਲੀਆਂ ਦਵਾਈਆਂ, ਥਰਮਾਮੀਟਰ, ਮੂਹਰੀ, ਪਸ਼ੂ ਨੂੰ ਕਾਬੂ ਕਰਨ ਲਈ ਰੱਸਾ, ਅੱਗ ਬਝਾਊ ਯੰਤਰ, ਕੱਚਾ ਕੋਲਾ ਆਦਿ।
6. ਫਾਰਮ ਉੱਪਰ ਵੈਸੈ ਤਾਂ ਕੰਡਿਆਲੀ ਤਾਰ ਹੋਣੀ ਹੀ ਨਹੀਂ ਚਾਹੀਦੀ।ਪਰ ਜੇ ਕਿਸੇ ਫਾਰਮ ਉੱਪਰ ਕੰਡਿਆਲੀ ਤਾਰ ਲਗਾਈ ਗਈ ਹੋਵੇ ਤਾਂ ਆਪਾਤਕਲੀਨ ਸਥਿਤੀ ਵੇਲੇ ਉਸ ਨੂੰ ਕੱਟ ਦੇਣਾ ਚਾਹੀਦਾ ਹੈ।
7. ਕੁਦਰਤ ਨਾਲ ਸਬੰਧਤ ਆਪਾਤਕਲੀਨ ਸਥਿਤੀਆਂ ਵਿਚ ਬੜੀ ਵਾਰੀ ਬਿਜਲੀ ਕੱਟ ਦਿੱਤੀ ਜਾਂਦੀ ਹੈ।ਅਜਿਹੀ ਸੂਰਤ ਵਿਚ ਹਰੇਕ ਫਾਰਮ ਉੱਪਰ ਕੋਈ ਦੂਸਰਾ ਬਿਜਲੀ ਦਾ ਸਰੋਤ (ਜੈਨਰੇਟਰ) ਹੋਣਾ ਚਾਹੀਦਾ ਹੈ।
8. ਫਾਰਮ ਉੱਪਰ ਪਏ ਫਾਲਤੂ ਸਾਮਾਨ (ਖਾਲੀ ਸ਼ੀਸ਼ੀਆਂ, ਬੋਤਲਾਂ, ਥੈਲੇ, ਖਰਾਬ ਹੋਏ ਸੰਦ ਆਦਿ) ਨੂੰ ਫੌਰਨ ਕੱਢ ਦੇਣਾ ਚਾਹੀਦਾ ਹੈ।
9. ਦਵਾਈਆਂ, ਖਾਦਾਂ ਜਾਂ ਹੋਰ ਰਸਾਇਣਿਕ ਵਸਤਾਂ ਨੂੰ ਹਮੇਸ਼ਾਂ ਸੁਰੱਖਿਅਤ ਜਗ੍ਹਾ ਉੱਪਰ ਹੀ ਰੱਖਣਾ ਚਾਹੀਦਾ ਹੈ।
10. ਫਾਰਮ ਉੱਪਰ ਮੌਜੂਦ ਸਾਰੀਆਂ ਤਿੱਖੀਆਂ ਚੀਜ਼ਾਂ (ਮੇਖਾਂ, ਕਿੱਲਾਂ, ਗੇਟ ਜਾਂ ਦਰਵਾਜਿਆਂ ਦੇ ਬੀਂਗੇ ਹੋਏ ਸਰੀਏ ਆਦਿ) ਨੂੰ ਨਿਕਾਲ ਦੇਣਾ ਚਾਹੀਦਾ ਹੈ। ਜੇਕਰ ਇਹ ਸੰਭਵ ਨਾ ਹੋਵੇ ਤਾਂ ਘੱਟੋ ਘੱਟ ਤਿੱਖੀਆਂ ਚੀਜ਼ਾਂ ਨੂੰ ਕਿਸੇ ਕੱਪੜੇ ਨਾਲ ਢੱਕ ਦਿਓ।
11. ਹਰੇਕ ਪਸ਼ੂ ਦਾ ਨਾਮ ਜਾਂ ਨੰਬਰ ਲਿੱਖ ਕੇ ਫਾਰਮ ਉੱਪਰ ਕਈ ਜਗ੍ਹਾ ਤੇ ਚਪਕਾ ਦੇਣਾ ਚਾਹੀਦਾ ਹੈ।ਪੱਠੇ, ਵੰਡ, ਵੈਕਸੀਨੇਸ਼ਨ, ਬਿਮਾਰ ਪਸ਼ੂਆਂ ਦੇ ਚੱਲ ਰਹੇ ਇਲਾਜ ਦਾ ਵੇਰਵਾ ਗੱਤੇ ਉੱਪਰ ਲਿੱਖ ਕੇ ਕਿਸੇ ਢੁੱਕਵੀਂ ਜਗ੍ਹਾ ਉੱਪਰ ਟੰਗ ਦੇਣਾ ਚਾਹੀਦਾ ਹੈ।
12. ਆਪਾਤਕਲੀਨ ਸਥਿਤੀ ਵੇਲੇ ਸਹਿਯੋਗ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਦੇ ਫੋਨ ਨੰਬਰ ਵੀ ਕਿਸੇ ਢੁਕਵੀਂ ਜਗ੍ਹਾ ਉੱਪਰ ਲਿਖੇ ਹੋਣੇ ਚਾਹੀਦੇ ਹਨ।
13. ਜੇਕਰ ਦੁੱਧ ਵੇਚਣ ਵਿਚ ਮੁਸ਼ਕਿਲ ਆ ਰਹੀ ਹੋਵੇ ਤਾਂ ਦੁੱਧ ਦੇ ਰਹੀਆਂ ਲਵੇਰੀਆਂ ਦੇ ਵੰਡ ਵਿਚ ਕਟੌਤੀ ਕਰ ਦਿਓ ਜਾਂ ਵੰਡ ਬਿਲਕੁੱਲ ਹੀ ਬੰਦ ਕਰ ਦਿਓ।ਅਜਿਹਾ ਕਰਨ ਨਾਲ ਲਵੇਰੀਆਂ ਦਾ ਦੁੱਧ ਕਾਫੀ ਮਾਤਰਾ ਵਿਚ ਘੱਟ ਜਾਵੇਗਾ। ਫਾਰਮ ਉੱਪਰ ਮੌਜੂਦ ਦੁੱਧ ਤੋਂ ਘੀ ਬਣਾ ਕੇ ਸਟੋਰ ਕੀਤਾ ਜਾ ਸਕਦਾ ਹੈ ਅਤੇ ਇਸ ਘੀ ਨੂੰ ਬਾਅਦ ਵਿਚ ਵੇਚਿਆ ਜਾ ਸਕਦਾ ਹੈ।
14. ਜਿਹੜੇ ਫਾਰਮਾਂ ਉੱਪਰ ਫੀਡ ਲੈਣ ਵਿਚ ਔਕੜਾਂ ਆ ਰਹੀਆਂ ਹੋਣ ਉੱਥੇ ਵੱਗ ਦੇ ਸਾਰੇ ਪਸ਼ੂਆਂ ਨੂੰ ਗਰੁੱਪਾਂ ਵਿਚ ਵੰਡ ਕੇ ਅਲੱਗ ਅਲੱਗ ਖਾਨਿਆਂ ਵਿਚ ਲਤਾੜ ਦਿਓ।ਉਹਨਾਂ ਨੂੰ ਘੱਟ ਤੋਂ ਘੱਟ ਤੁਰਨ ਦਿੱਤਾ ਜਾਵੇ। ਅਜਿਹਾ ਕਰਨ ਨਾਲ ਪਸ਼ੂਆਂ ਦੀ ਲੱਗਭਗ 30 ਫੀਸਦ ਤੱਕ ਊਰਜਾ ਘੱਟ ਖੱਪਤ ਹੁੰਦੀ ਹੈ।ਦੁੱਧ ਦੇ ਰਹੀਆਂ ਲਵੇਰੀਆਂ ਦਾ ਖਾਨਾ ਚੁਆਈ ਵਾਲੀ ਜਗ੍ਹਾ ਦੇ ਬਿਲਕੁੱਲ ਨਜ਼ਦੀਕ ਹੋਣਾ ਚਾਹੀਦਾ ਹੈ।
15. ਫੀਡ ਦੀ ਬੱਚਤ ਕਰਨ ਲਈ ਪਸ਼ੂਆਂ ਨੂੰ ਹੇਠ ਲਿਖੇ ਅਨੁਸਾਰ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ।ਪਹਿਲ ਦੇ ਆਧਾਰ ਤੇ ਵੰਡ ਮਿਲਣ ਦੀ ਤਰਤੀਬ ਉੱਪਰ ਤੋਂ ਹੇਠਾਂ ਵੱਲ ਨੂੰ ਹੋਣੀ ਚਾਹੀਦੀ ਹੈ।

    ਤਿੰਨ ਮਹੀਨੇ ਤੋਂ ਘੱਟ ਉਮਰ ਦੇ ਕਟੜੂ/ਵਛੜੂ
    ਦੁੱਧ ਦੇ ਰਹੀਆਂ ਝੋਟੀਆਂ/ਵਹਿੜਾਂ
    ਤਿੰਨ ਤੋਂ ਛੇ ਮਹੀਨੇ ਦੇ ਕਟੜੂ/ਵਛੜੂ

ਦੁੱਧ ਦੇ ਰਹੀਆਂ ਮੱਝਾਂ/ਗਾਵਾਂ
ਛੇ ਮਹੀਨੇ ਤੋਂ ਵੱਧ ਉਮਰ ਦੇ ਕਟੜੂ/ਵਛੜੂ
ਗੱਭਣ ਝੋਟੀਆਂ/ਵਹਿੜਾਂ ਅਤੇ, ਭਲਿਆਟ ਅਤੇ ਦੁੱਧੋਂ ਛੱਡੀਆਂ ਲਵੇਰੀਆਂ
ਤਾਜੇ ਸੂਏ ਪਸ਼ੂ

ਹੇਠਲੇ ਵੰਨੇ ਵਾਲੇ ਗਰੁੱਪ ਘੱਟ ਖੁਰਾਕ ਮਿਲਣ ਤੇ ਜਿਆਦਾ ਲੰਬੇ ਸਮੇਂ ਤੱਕ ਗੁਜਾਰਾ ਕਰ ਸਕਦੇ ਹਨ।ਕਟੜੂ/ਵਛੜੂ ਬਗੈਰ ਫੀਡ ਮਿਲੇ ਥੋੜੇ ਦਿਨਾਂ ਵਿਚ ਹੀ ਮਰ ਸਕਦੇ ਹਨ।

16. ਜਿਹੜੇ ਫਾਰਮਾਂ 'ਤੇ ਪਸ਼ੂਆਂ ਨੂੰ ਘੱਟ ਫੀਡ ਪਾਈ ਜਾਂਦੀ ਹੋਵੇ ਉੱਥੇ ਉਹਨਾਂ ਨੂੰ ਜਲਦੀ ਤੋਂ ਜਲਦੀ ਮਲ੍ਹੱਪ ਰਹਿਤ ਕਰਨ ਵਾਲੀ ਦਵਾਈ ਦੇ ਦੇਣੀ ਚਾਹੀਦੀ ਹੈ। ਫੀਡ ਵਿਚ ਕਟੌਤੀ ਕਰਨ ਨਾਲ ਅੰਦਰੂਨੀ ਮਲ੍ਹੱਪ ਜਿਆਦਾ ਕਿਰਿਆਸ਼ੀਲ ਹੋ ਜਾਂਦੇ ਹਨ।ਇਸ ਲਈ ਉਹਨਾਂ ਦੀ ਰੋਕਥਾਮ ਕਰਨਾ ਬਹੁੱਤ ਜ਼ਰੂਰੀ ਬਣ ਜਾਂਦਾ ਹੈ।
17. ਜਿੱਥੇ ਵੰਡ ਅਤੇ ਹਰੇ ਚਾਰੇ ਦੋਨਾਂ ਦੀ ਘਾਟ ਹੋਵੇ ਉੱਥੇ ਵੈਟਨਰੀ ਯੁਨਵਿਰਸਿਟੀ ਅਤੇ ਇਸਦੇ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਖੇਤਰੀ ਖੋਜ ਕੇਂਦਰਾਂ ਤੋਂ ਉਪਲੱਭਦ ਪਸ਼ੂ-ਚਾਟ ਪਸ਼ੂਆਂ ਨੂੰ ਚਟਾਈ ਜਾ ਸਕਦੀ ਹੈ। ਪਸ਼ੂਆਂ ਦਾ ਢਿੱਡ ਭਰਨ ਲਈ ਤੂੜੀ ਦਿੱਤੀ ਜਾ ਸਕਦੀ ਹੈ।
18. ਆਪਾਤਕਲੀਨ ਸਥਿਤੀ ਦੌਰਾਨ ਹੇਹੇ ਵਿਚ ਨਾ ਆਉਣ ਵਾਲੇ ਪਸ਼ੂਆਂ ਦਾ ਇਲਾਜ ਕੁੱਝ ਸਮੇਂ ਲਈ ਟਾਲ ਦੇਣਾ ਚਾਹੀਦਾ ਹੈ।
19. ਹਰੇ ਚਾਰੇ ਦੀ ਭਾਰੀ ਕਮੀਂ ਵੇਲੇ ਪਸ਼ੂਆਂ ਨੂੰ ਬੰਨ ਪੈ ਸਕਦਾ ਹੈ।ਜਿਹੜੇ ਪਸ਼ੂ ਕਾਠਾ ਗੋਹਾ ਕਰਦੇ ਹੋਣ ਉਹਨਾਂ ਨੂੰ ਬੰਨ ਪੈਣ ਤੋਂ ਪਹਿਲਾਂ ਹੀ ਮਿੱਠਾ ਤੇਲ ਦੇ ਦੇਣਾ ਚਾਹੀਦਾ ਹੈ।
20. ਕੁੱਝ ਪਸ਼ੂ-ਪਾਲਕ ਹਰੇ ਚਾਰੇ ਦੀ ਪੂਰਤੀ ਲਈ ਨਿਆਣੀ ਉਮਰ ਦੀ ਚਰੀ ਨੂੰ ਹੀ ਵਾਢਾ ਲਾ ਲੈਂਦੇ ਹਨ।ਅਜਿਹੀ ਚਰੀ ਵਿਚ ਕਈ ਕਿਸਮ ਦੇ ਜਹਿਰੀਲੇ ਮਾਦੇ ਹੋ ਸਕਦੇ ਹਨ ਜਿਸ ਨਾਲ ਪਸ਼ੂ ਜਹਿਰਵੇ ਦਾ ਸ਼ਿਕਾਰ ਹੋ ਸਕਦੇ ਹਨ।ਪਸ਼ੂਆਂ ਨੂੰ ਸਾਂਹ ਲੈਣ ਵਿਚ ਕਠਿਨਾਈ ਹੋ ਸਕਦੀ ਹੈ।ਮੂੰਹ ਵਿਚੋਂ ਲਾਲਾਂ ਵੱਗ ਸਕਦੀਆਂ ਹਨ।ਅੱਖਾਂ ਦੀ ਝਿੱਲੀ ਸੁਰਖ ਲਾਲ ਹੋ ਸਕਦੀ ਹੈ।ਸਹੀ ਇਲਾਜ ਨਾ ਕਰਵਾਉਣ ਦੀ ਸਥਿਤੀ ਵਿਚ ਪਸ਼ੂਆਂ ਦੀ ਕੁੱਝ ਸਮੇਂ ਵਿਚ ਹੀ ਮੌਤ ਵੀ ਹੋ ਸਕਦੀ ਹੈ।ਚਰੀ ਤੋਂ ਹੋਣ ਵਾਲੇ ਜਹਿਰਵੇ ਸਮੇਂ ਡਾਕਟਰ ਦੀ ਸਲਾਹ ਨਾਲ ਇਲਾਜ ਤੁਰੰਤ ਕਰਵਾਉਣਾ ਚਾਹੀਦਾ ਹੈ।ਡਾਕਟਰੀ ਸਹੂਲਤ ਨਾ ਮਿਲਣ ਦੀ ਸੂਰਤ ਵਿਚ ਪਸ਼ੂ-ਪਾਲਕ ਬਿਮਾਰ ਪਸ਼ੂ ਨੂੰ 30-60 ਗ੍ਰਾਮ ਤੱਕ ਸੋਡੀਅਮ ਥਇਓਸਲਫੇਟ ਆਟੇ/ਬੇਸਣ ਦੀ ਪੇੜੀ ਬਣਾ ਕੇ ਖੁਆ ਸਕਦੇ ਹਨ।
21. ਆਪਾਤਕਲੀਨ ਸਥਿਤੀ ਵਿਚ ਫੀਡ ਦੀ ਬੱਚਤ ਕਰਨ ਲਈ ਜੇਕਰ ਸੰਭਵ ਹੋਵੇ ਤਾਂ ਹਰ ਉਮਰ ਦੇ ਕੱਟੇ ਵੇਚ ਦੇਣੇ ਚਾਹੀਦੇ ਹਨ। ਇਸਦੇ ਨਾਲ ਨਾਲ ਜਿਆਦਾ ਉਮਰ ਦੇ ਪਸ਼ੂ, ਕਮਜੋਰ ਅਤੇ ਫੰਡਰ ਪਸ਼ੂ ਵੀ ਵੱਗ ਵਿਚੋਂ ਕੱਢ ਦੇਣੇ ਚਾਹੀਦੇ ਹਨ।

ਇਸ ਤਰ੍ਹਾਂ ਉੱਪਰ ਦੱਸੀਆਂ ਗੱਲਾਂ ਤੇ ਅਮਲ ਕਰਕੇ ਪਸ਼ੂ-ਪਾਲਕ ਵੀਰ ਆਪਾਤਕਲੀਨ ਸਥਿਤੀ ਵਿਚ ਵੀ ਡੇਅਰੀ ਫਾਰਮ ਦੀਆਂ ਗਤੀਵਿਧੀਆਂ ਨੂੰ ਸਫਲਤਾਪੂਰਵਕ ਚਲਾ ਸਕਦੇ ਹਨ।